**Ministry of Education**

Minister

315 Front Street West
Toronto ON M7A 0B8

**Ministère de l'Éducation**

Ministre

315, rue Front Ouest
Toronto ON M7A 0B8

Ontario

30 ਜੁਲਾਈ, 2020

ਪਿਆਰੇ ਮਾਤਾ-ਪਿਤਾ –

ਮੈਂ ਆਸ ਕਰਦਾ ਹਾਂ ਕਿ ਤੁਸੀਂ ਅਤੇ ਤੁਹਾਡੇ ਪਰਿਵਾਰ ਸਿਹਤਮੰਦ ਅਤੇ ਮਜ਼ਬੂਤ ਰਹਿਣਾ ਜਾਰੀ ਰੱਖ ਰਹੇ ਹੋਵੋਗੇ, ਜਿਵੇਂ ਸੂਬਾ ਕੋਵਿਡ-19 ਵਾਇਰਸ ਵਿਰੁੱਧ ਲੜਨਾ ਜਾਰੀ ਰੱਖਦਾ ਹੈ।

ਅਜੇ ਇਸ ਗੱਲ ਨੂੰ ਚਾਰ ਮਹੀਨੇ ਤੋਂ ਥੋੜ੍ਹਾ ਵੱਧ ਸਮਾਂ ਹੋਇਆ ਹੈ ਜਦੋਂ ਮੈਂ ਤੁਹਾਨੂੰ ਪਹਿਲੀ ਵਾਰ ਸਕੂਲਾਂ ਨੂੰ ਬੰਦ ਕਰਨ ਅਤੇ ਵਿਦਿਆਰਥੀਆਂ, ਪਰਿਵਾਰਾਂ ਅਤੇ ਉਹਨਾਂ ਕਮਿਊਨਿਟੀਆਂ ਦੇ ਜੀਵਨ ਦੀ ਰੱਖਿਆ ਕਰਨ ਦੇ ਜਿਥੇ ਉਹ ਰਹਿੰਦੇ ਅਤੇ ਕੰਮ ਕਰਦੇ ਹਨ, ਦੇ ਸਰਕਾਰ ਦੇ ਫੈਸਲੇ ਤੋਂ ਬਾਅਦ ਲਿਖਿਆ ਸੀ। ਪਿਛਲੇ ਚਾਰ ਮਹੀਨਿਆਂ ਵਿੱਚ ਬਹੁਤ ਕੁਝ ਬਦਲ ਗਿਆ ਹੈ। ਹਾਲਾਂਕਿ, ਇਕ ਨਿਰੰਤਰਤਾ ਸਾਡੇ ਸਮੂਹਾਂ ਅਤੇ ਸੂਬੇ ਨੂੰ ਸੁਰੱਖਿਅਤ ਰੱਖਣ ਲਈ ਮਾਪਿਆਂ, ਵਿਦਿਆਰਥੀਆਂ ਅਤੇ ਪਰਿਵਾਰਾਂ ਦੀ ਇਕਜੁੱਟ ਕੋਸ਼ਿਸ਼ ਹੈ।

ਸੂਬੇ ਭਰ ਵਿਚ ਪਬਲਿਕ ਹੈਲਥ ਦੀ ਸਥਿਤੀ ਸਪੱਸ਼ਟ ਤੌਰ ਤੇ ਵਿਕਸਤ ਹੋਈ ਹੈ, ਅਤੇ ਮੈਨੂੰ ਬਹੁਤ ਮਾਣ ਹੈ ਕਿ ਹਾਲ ਦੇ ਹਫ਼ਤਿਆਂ ਵਿਚ ਇਹ ਰੁਝਾਨ ਸਕਾਰਾਤਮਕ ਦਿਸ਼ਾ ਵੱਲ ਰਿਹਾ ਹੈ। ਕੋਵਿਡ-19 ਦੀ ਸ਼ੁਰੂਆਤ ਤੋਂ, ਅਸੀਂ ਜੋ ਵੀ ਕਾਰਵਾਈ ਕੀਤੀ ਹੈ, ਉਹ ਤੁਹਾਡੇ ਬੱਚਿਆਂ ਨੂੰ ਸੁਰੱਖਿਅਤ ਰੱਖਣ ਦੇ ਮੂਲ ਸਿਧਾਂਤ ਦੁਆਰਾ ਨਿਰਦੇਸ਼ਤ ਰਹੀ ਹੈ, ਅਤੇ ਇਸਦੇ ਵਿਸਤਾਰ ਨਾਲ ਤੁਹਾਡੀ ਅਤੇ ਤੁਹਾਡੇ ਭਾਈਚਾਰਿਆਂ ਦੀ ਸੁਰੱਖਿਆ ਲਈ ਵੀ। ਸਪੱਸ਼ਟ ਤੌਰ 'ਤੇ, ਸਾਡੇ ਸਾਰਿਆਂ ਦੀ ਇੱਕ ਮਹੱਤਵਪੂਰਣ ਭੂਮਿਕਾ ਹੈ।

ਉਹ ਯੋਜਨਾ ਜਿਸਨੂੰ ਅਸੀਂ ਅੱਜ ਕੈਨੇਡਾ ਦੇ ਪ੍ਰਮੁੱਖ ਮੈਡੀਕਲ ਅਤੇ ਵਿਗਿਆਨਕ ਮਾਹਰਾਂ ਦੀ ਸਲਾਹ ਦੀ ਪਾਲਣਾ ਕਰਦੇ ਹੋਏ ਪੇਸ਼ ਕੀਤਾ ਹੈ - ਜਿਸ ਵਿੱਚ ਚੀਫ ਮੈਡੀਕਲ ਔਫ਼ਿਸਰ ਔਫ਼ ਹੈਲਥ, ਹੌਸਪਿਟਲ ਫੌਰ ਸਿੱਕ ਚਿਲਡਰਨ, ਅਤੇ ਕੋਵੀਡ-19 ਕਮਾਂਡ ਟੇਬਲ ਵੀ ਸ਼ਾਮਲ ਹਨ - ਸਤੰਬਰ ਵਿਚ ਕਲਾਸ ਵਿਚ ਸੁਰੱਖਿਅਤ ਢੰਗ ਨਾਲ ਵਾਪਸ ਆਉਣ ਲਈ ਸੂਬੇ ਭਰ ਦੇ ਵਿਦਿਆਰਥੀਆਂ ਦੇ ਲਈ ਦਿਸ਼ਾ-ਨਿਰਦੇਸ਼ਾਂ ਦਾ ਵਰਣਨ ਕਰਦੀ ਹੈ। ਇਨ੍ਹਾਂ ਵਿੱਚ ਸ਼ਾਮਲ ਹਨ:

- ਸਾਰੇ ਪਬਲਿਕਲੀ ਫੰਡ ਕੀਤੇ ਐਲੀਮੈਂਟਰੀ ਸਕੂਲਾਂ ਨੂੰ ਹਫ਼ਤੇ ਵਿਚ ਪੰਜ ਦਿਨਾਂ ਲਈ ਪੂਰੀ ਤਰ੍ਹਾਂ ਖੋਲ੍ਹਣਾ;
- ਬਹੁਤੇ ਸੈਕੰਡਰੀ ਸਕੂਲਾਂ ਨੂੰ ਇਕ ਅਨੁਕੂਲਿਤ ਮਾਡਲ ਨਾਲ ਦੁਬਾਰਾ ਖੋਲ੍ਹਣ ਦੀ ਆਗਿਆ ਦੇਣਾ, ਘੱਟ ਜੋਖਮ ਵਾਲੀਆਂ ਕਮਿਊਨਿਟੀਆਂ ਵਿਚ ਹਫ਼ਤੇ ਵਿਚ ਪੰਜ ਦਿਨ ਮੁੜ ਖੋਲ੍ਹਣ ਦੇ ਨਾਲ, ਅਤੇ;
- ਇਹ ਸੁਨਿਸ਼ਚਿਤ ਕਰਦੇ ਹੋਏ ਕਿ ਤੁਹਾਡੇ ਕੋਲ ਇਨ-ਕਲਾਸ ਜਾਂ ਔਨਲਾਈਨ ਲਰਨਿੰਗ ਦੀ ਚੋਣ ਹੈ, ਅਤੇ ਪੂਰੇ ਸਾਲ ਦੇ ਦੌਰਾਨ ਇਸ ਫੈਸਲੇ ਨੂੰ ਬਦਲਣ ਲਈ ਅਵਸਰ ਹੈ।

ਸਭ ਤੋਂ ਉੱਤਮ ਉਪਲਬਧ ਮੈਡੀਕਲ ਸਲਾਹ ਸਾਨੂੰ ਦੱਸਦੀ ਹੈ ਕਿ ਸਾਨੂੰ ਆਪਣੇ ਬੱਚਿਆਂ ਨੂੰ ਉਹਨਾਂ ਦੇ ਸਕੂਲਾਂ ਵਿਚ ਵਾਪਸ ਲਿਆਉਣ ਦੀ ਲੋੜ ਹੈ। ਅਸੀਂ ਜਾਣਦੇ ਹਾਂ ਕਿ ਕੋਵਿਡ-19 ਨੇ ਓਨਟੈਰੀਓ ਦੇ ਵਿਦਿਆਰਥੀਆਂ 'ਤੇ ਡੂੰਘਾ ਅਸਰ ਪਾਇਆ ਹੈ।

…/2

ਇਸ ਤੋਂ ਪਹਿਲਾਂ ਅੱਜ, ਪ੍ਰੀਮੀਅਰ ਅਤੇ ਮੈਂ ਤੁਹਾਡੇ ਬੱਚਿਆਂ ਨੂੰ ਕਲਾਸਰੂਮ ਵਿਚ ਅਵਿਸ਼ਵਾਸ਼ਯੋਗ ਨਵੇਂ ਸਮਰਥਨਾਂ ਅਤੇ ਸਰੋਤਾਂ ਦੇ ਨਾਲ ਵਾਪਸ ਲਿਆਉਣ ਦੀ ਸਾਡੀ ਯੋਜਨਾ ਨੂੰ ਪੇਸ਼ ਕੀਤਾ ਤਾਂਕਿ ਇਸ ਸੁਨਿਸ਼ਚਿਤ ਹੋ ਸਕੇ ਕਿ ਇਹ ਜਿੰਨੇ ਸੰਭਵ ਹੋ ਸਕਣ ਉਨੇਂ ਸੁਰੱਖਿਅਤ ਅਤੇ ਸਮਰਥਤ ਹਨ।

ਸਰਕਾਰ ਮਾਸਕ ਅਤੇ ਨਿੱਜੀ ਸੁਰੱਖਿਆ ਉਪਕਰਣਾਂ ਨੂੰ ਖਰੀਦਣ, ਨਵੀਆਂ ਟੀਚਿੰਗ ਦੀਆਂ ਪੁਜ਼ੀਸ਼ਨਾਂ ਜੋੜਨ, ਸਕੂਲਾਂ ਅਤੇ ਸਕੂਲ ਬੱਸਾਂ ਲਈ ਵਧੀ ਹੋਈ ਸਫਾਈ ਦੀ ਸਪਲਾਈ ਅਤੇ ਵਧੇਰੇ ਸਟਾਫ ਮੁਹੱਈਆ ਕਰਾਉਣ, ਅਤੇ ਸਾਰੇ ਸਟਾਫ ਲਈ ਸਿਹਤ ਅਤੇ ਸੁਰੱਖਿਆ ਪੇਸ਼ੇਵਰ ਵਿਕਾਸ ਲਈ 300 ਮਿਲੀਅਨ ਡਾਲਰ ਤੋਂ ਵੱਧ ਪ੍ਰਦਾਨ ਕਰ ਰਹੀ ਹੈ।

ਇਸ ਤੋਂ ਇਲਾਵਾ, ਓਨਟੈਰੀਓ 500 ਪਬਲਿਕ ਹੈਲਥ ਨਰਸਾਂ ਦਾ ਮੋਬਾਈਲ ਨੈਟਵਰਕ ਮੁਹੱਈਆ ਕਰਾਉਣ ਵਿਚ ਵਿਲੱਖਣ ਹੋਵੇਗਾ, ਜਿਹਨਾਂ ਨੂੰ ਸਾਡੇ ਸਕੂਲਾਂ ਵਿਚ ਬਿਹਤਰ ਸਕ੍ਰੀਨਿੰਗ, ਟੈਸਟਿੰਗ ਅਤੇ ਮੈਡੀਕਲ ਸਹਾਇਤਾ ਪ੍ਰਦਾਨ ਕਰਨ ਲਈ ਵਧੇਰੇ ਜੋਖਮ ਵਾਲੇ ਖੇਤਰਾਂ ਵਿਚ ਤਾਇਨਾਤ ਕੀਤਾ ਜਾਵੇਗਾ। ਅੰਤ ਵਿੱਚ, ਓਨਟੈਰੀਓ ਪਬਲਿਕ ਹੈਲਥ ਸਾਡੀ ਪ੍ਰਤੀਕ੍ਰਿਆ ਨੂੰ ਮਜ਼ਬੂਤ ਕਰਨ ਅਤੇ ਜੋਖਮ ਨੂੰ ਬਿਹਤਰ ਸਮਝਣ ਲਈ ਏਸਿੰਪਟੋਮੈਟਿਕ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ 'ਤੇ ਨਿਗਰਾਨੀ ਜਾਂਚ ਕਰੇਗੀ।

ਅੱਜ ਪੇਸ਼ ਕੀਤੇ ਗਏ ਪੂਰੇ ਸੂਟ ਦੇ ਸਿਹਤ ਅਤੇ ਸੁਰੱਖਿਆ ਪ੍ਰੋਟੋਕੋਲ ਮਜ਼ਬੂਤ ਹਨ, ਮੈਡੀਕਲ ਸਾਇੰਸ ਦੁਆਰਾ ਸੂਚਿਤ ਹਨ, ਅਤੇ ਕੋਵਿਡ-19 ਦੇ ਬਦਲਦੇ ਖ਼ਤਰੇ ਦਾ ਜਵਾਬ ਦੇਣ ਲਈ ਲਚਕਦਾਰ ਹੋਣਗੇ। ਮੈਂ ਤੁਹਾਨੂੰ ਭਰੋਸਾ ਦਿਵਾ ਸਕਦਾ ਹਾਂ ਕਿ ਅਸੀਂ ਇਸ ਵਾਇਰਸ ਦੀ ਬਦਲ ਰਹੀ ਹਕੀਕਤ ਦਾ ਜਵਾਬ ਦੇਣ ਲਈ ਤਿਆਰ ਹਾਂ।

ਇਹ ਮਾਰਗ ਦਰਸ਼ਨ ਵਿਦਿਆਰਥੀਆਂ ਨੂੰ ਇਹਨਾਂ ਬਾਰੇ ਸਪਸ਼ਟਤਾ ਪ੍ਰਦਾਨ ਕਰਕੇ ਸੁਰੱਖਿਅਤ ਰੱਖੇਗਾ:

- ਸਵੈ-ਸਕ੍ਰੀਨਿੰਗ;
- ਵਿਦਿਆਰਥੀਆਂ ਅਤੇ ਸਟਾਫ ਵਧੀ ਹੋਈ ਹੱਥਾਂ ਦੀ ਸਵੱਛਤਾ;
- ਗਰੇਡ 4 ਤੋਂ 12 ਲਈ ਲਾਜ਼ਮੀ ਮਾਸਕਿੰਗ;
- ਅਧਿਆਪਕਾਂ ਅਤੇ ਸਟਾਫ ਲਈ ਪੀਪੀਈ ਅਤੇ ਉਨ੍ਹਾਂ ਵਿਦਿਆਰਥੀਆਂ ਲਈ ਕੱਪੜੇ ਦੇ ਮਾਸਕ ਦਾ ਰਿਜ਼ਰਵ, ਜਿਨ੍ਹਾਂ ਨੂੰ ਇਸਦੀ ਲੋੜ ਹੋ ਸਕਦੀ ਹੈ;
- ਕਲਾਸ ਤੋਂ ਬਾਹਰ ਦੀ ਗੱਲਬਾਤ ਨੂੰ ਘਟਾਉਣ ਲਈ ਵਿਦਿਆਰਥੀਆਂ ਦੀ ਦ੍ਰਿੜ ਗੁਟਬੰਦੀ (ਜਾਂ ਸਮੂਹੀਕਰਨ);
- ਦੂਰੀ;
- 900 ਵਾਧੂ ਕਸਟੋਡਿਯਨਾਂ ਦੀ ਭਰਤੀ ਦੇ ਨਾਲ-ਨਾਲ ਸਕੂਲ ਫੈਸਿਲਟੀਆਂ ਅਤੇ ਬੱਸਾਂ ਦੀ ਵਧੀ ਹੋਈ ਸਫਾਈ ਅਤੇ ਰੋਗਾਣੂ-ਮੁਕਤਤਾ;
- ਵਿਜ਼ਿਟਰਾਂ ਤੇ ਪਾਬੰਦੀਆਂ;
- ਨਿਯੰਤਰਿਤ ਦੁਬਾਰਾ ਖੋਲ੍ਹਣ ਵਿੱਚ ਸਹਾਇਤਾ ਲਈ ਪੂਰਵ-ਰਜਿਸਟ੍ਰੇਸ਼ਨ।

ਅਸੀਂ ਵਿਦਿਆਰਥੀ ਮਾਨਸਿਕ ਸਿਹਤ ਵਿਚ ਨਿਵੇਸ਼ ਕਰਨਾ ਜਾਰੀ ਰੱਖਾਂਗੇ, ਜਿਸ ਬਾਰੇ ਅਸੀਂ ਸਾਰੇ ਜਾਣਦੇ ਹਾਂ ਕਿ ਵਿਦਿਆਰਥੀਆਂ ਲਈ ਇਕ ਮਹੱਤਵਪੂਰਣ ਜ਼ਰੂਰਤ ਹੈ, ਜਿਵੇਂ ਉਹ ਕੋਵਿਡ-19 ਦੇ ਪ੍ਰਕੋਪ ਦੇ ਕਾਰਨ ਕਈ ਮਹੀਨਿਆਂ ਦੀ ਅਨਿਸ਼ਚਿਤਤਾ ਅਤੇ ਚਿੰਤਾ ਦੇ ਬਾਅਦ ਸਕੂਲ ਵਾਪਸ ਆਉਂਦੇ ਹਨ। ਕੇਵਲ ਇਸ ਸਾਲ ਵਿਚ ਹੀ, ਅਸੀਂ ਵਾਧੂ ਫੰਡਿੰਗ ਵਿਚ 20 ਮਿਲੀਅਨ ਡਾਲਰ ਦਾ ਨਿਵੇਸ਼ ਕਰ ਰਹੇ ਹਾਂ, ਤਾਂ ਜੋ ਬੋਰਡ ਉਨ੍ਹਾਂ ਵਿਦਿਆਰਥੀਆਂ ਲਈ ਕਿਰਿਆਸ਼ੀਲ ਸਮਰਥਨ ਪ੍ਰਦਾਨ ਕਰ ਸਕਣ, ਜਿਨ੍ਹਾਂ ਨੂੰ ਉਨ੍ਹਾਂ ਦੀ ਜ਼ਰੂਰਤ ਹੈ। ਵਿਦਿਆਰਥੀਆਂ ਦੇ ਕੋਲ ਮਾਨਸਿਕ ਸਿਹਤ ਸਟਾਫ ਅਤੇ ਸਹਾਇਤਾਵਾਂ ਤੱਕ ਅਪੂਰਵ ਪਹੁੰਚ ਹੋਵੇਗੀ ਅਤੇ ਅਸੀਂ ਇਸ ਸਾਲ ਰਿਕਾਰਡ ਪੱਧਰ ਦਾ 50 ਮਿਲੀਅਨ ਡਾਲਰ ਦਾ ਨਿਵੇਸ਼ ਕਰਾਂਗੇ।

ਸਕੂਲ ਰੀਸਟਾਰਟ ਯੋਜਨਾ ਵਿਸ਼ੇਸ਼ ਸਿੱਖਿਆ ਦੀਆਂ ਜਰੂਰਤਾਂ ਵਾਲੇ ਵਿਦਿਆਰਥੀਆਂ ਲਈ ਮਹੱਤਵਪੂਰਨ ਸਹਾਇਤਾਵਾਂ ਵੀ ਪ੍ਰਦਾਨ ਕਰਦੀ ਹੈ, ਜਿਸ ਵਿੱਚ ਇੱਕ ਜ਼ਰੂਰਤ ਇਹ ਵੀ ਹੈ ਕਿ ਉਹ ਐਲੀਮੈਂਟਰੀ ਅਤੇ ਸੈਕੰਡਰੀ ਸਕੂਲ ਦੋਵਾਂ ਵਿੱਚ ਹਫ਼ਤੇ ਵਿੱਚ 5 ਦਿਨ ਕਲਾਸ ਵਿੱਚ ਹੋਣ। ਮਾਹਰ ਸਪੱਸ਼ਟ ਰਹੇ ਹਨ, ਇਕਸਾਰਤਾ ਮਹੱਤਵਪੂਰਨ ਹੈ, ਅਤੇ ਇਹ ਉਹੀ ਹੈ ਜੋ ਅਸੀਂ ਇਨ੍ਹਾਂ ਬੱਚਿਆਂ ਲਈ ਪ੍ਰਦਾਨ ਕਰਾਂਗੇ।

ਜਿਵੇਂ ਕਿ ਅਸੀਂ ਹਮੇਸ਼ਾ ਕਿਹਾ ਹੈ, ਅਸੀਂ ਓਨਟਾਰੀਓ ਦੇ ਵਿਦਿਆਰਥੀਆਂ ਪ੍ਰਤੀ ਆਪਣੀ ਵਚਨਬੱਧਤਾ ਤੋਂ ਕਦੇ ਵੀ ਪਿੱਛੇ ਨਹੀਂ ਹਟਾਂਗੇ। ਇਕੱਠੇ ਕੰਮ ਕਰਕੇ ਅਸੀਂ ਇਹ ਸੁਨਿਸ਼ਚਿਤ ਕਰ ਸਕਦੇ ਹਾਂ ਕਿ ਉਹ ਸਫਲਤਾ ਲਈ ਤਿਆਰ ਹਨ, ਸਿਰਫ ਇਸ ਸਾਲ ਲਈ ਨਹੀਂ, ਬਲਕਿ ਭਵਿੱਖ ਵਿੱਚ ਵੀ।

ਮੈਂ ਓਨਟੈਰੀਓ ਦੇ ਮਾਤਾ-ਪਿਤਾ ਨੂੰ ਸਤੰਬਰ ਵਿੱਚ ਸਕੂਲ ਵਿੱਚ ਸੁਰੱਖਿਅਤ ਵਾਪਸੀ ਸੁਨਿਸ਼ਚਿਤ ਕਰਨ ਲਈ ਤੁਹਾਡੀ ਸਖਤ ਮਿਹਨਤ, ਇਨਪੁਟ, ਅਤੇ ਸਾਂਝੀ ਵਚਨਬੱਧਤਾ ਲਈ ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ।

ਸੁਹਿਰਦ,

ਮਾਣਯੋਗ ਸਟੀਫਨ ਲੈਚੀ (The Honourable Stephen Lecce)
ਸਿੱਖਿਆ ਮੰਤਰੀ (Minister of Education)